BC Epilepsy Society

## ਔਰਤਾਂ ਲਈ ਮਿਰਗੀ ਦੀਆਂ ਦਵਾਈਆਂ ਬਾਰੇ ਖਾਸ ਫਿਕਰ
**(Special Concerns about Seizure Medications for Women)**

### ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਮੈਂ ਆਪਣੇ ਸੀਜ਼ਰਜ਼ ਲਈ ਸਹੀ ਦਵਾਈ ਲੈ ਰਹੀ ਹਾਂ?

ਮਿਰਗੀ ਦੇ ਇਲਾਜ ਲਈ ਦਵਾਈ ਦੀ ਚੋਣ ਸੀਜ਼ਰ (ਮਿਰਗੀ ਦੇ ਦੌਰੇ) ਦੀ ਕਿਸਮ 'ਤੇ, ਤੁਹਾਡੇ ਈ ਈ ਜੀ ਦੇ ਪੈਟਰਨ 'ਤੇ ਅਤੇ ਇਸ ਚੀਜ਼ 'ਤੇ ਨਿਰਭਰ ਕਰਦੀ ਹੈ ਕਿ ਦਵਾਈ ਤੁਹਾਡੇ ਸੀਜ਼ਰਜ਼ ਨੂੰ ਕਿੰਨੀ ਕੁ ਚੰਗੀ ਤਰ੍ਹਾਂ ਕੰਟਰੋਲ ਕਰਦੀ ਹੈ ਅਤੇ ਤੁਸੀਂ ਦਵਾਈ ਨੂੰ ਕਿਵੇਂ ਝੱਲਦੇ ਹੋ। ਮਿਰਗੀ ਦੀਆਂ ਕੁਝ ਕਿਸਮਾਂ 'ਤੇ ਕੁਝ ਦਵਾਈਆਂ ਦਾ ਦੂਜੀਆਂ ਨਾਲੋਂ ਬਿਹਤਰ ਅਸਰ ਹੁੰਦਾ ਹੈ। ਸੀਜ਼ਰਜ਼ ਦੇ ਪੈਟਰਨ ਬਦਲ ਸਕਦੇ ਹਨ ਅਤੇ ਦਵਾਈ ਵਿਚ ਤਬਦੀਲੀ ਕਰਨ ਦੀ ਲੋੜ ਹੋ ਸਕਦੀ ਹੈ। ਢੁਕਵੀਂ ਦਵਾਈ ਦੀ ਚੋਣ ਕਰਨਾ ਬਹੁਤ ਨਿੱਜੀ ਹੈ। ਮਿਰਗੀ ਦੀ ਕੋਈ ਦਵਾਈ ਕਿਸੇ ਇਕ ਵਿਅਕਤੀ ਲਈ ਵਧੀਆ ਕੰਮ ਕਰ ਸਕਦੀ ਹੈ ਅਤੇ ਹੋ ਸਕਦਾ ਦੂਜੇ ਲਈ ਨਾ ਕਰੇ। ਆਪਣੇ ਲਈ ਸਭ ਤੋਂ ਵਧੀਆ ਦਵਾਈ ਲੱਭਣ ਲਈ ਤੁਸੀਂ ਅਤੇ ਤੁਹਾਡਾ ਡਾਕਟਰ ਰਲ ਕੇ ਕੰਮ ਕਰ ਸਕਦੇ ਹੋ।

### ਮੈਂ ਕੁਝ ਨਵੀਂਆਂ ਦਵਾਈਆਂ ਬਾਰੇ ਪੜ੍ਹਿਆ ਹੈ। ਕੀ ਮੈਨੂੰ ਇਨ੍ਹਾਂ ਵਿੱਚੋਂ ਕੋਈ ਅਜ਼ਮਾ ਕੇ ਦੇਖਣੀ ਚਾਹੀਦੀ ਹੈ?

ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਸੀਜ਼ਰਜ਼ ਕਿੰਨੀ ਕੁ ਚੰਗੀ ਤਰ੍ਹਾਂ ਕੰਟਰੋਲ ਕੀਤੇ ਜਾਂਦੇ ਹਨ ਅਤੇ ਤੁਸੀਂ ਆਪਣੀ ਮੌਜੂਦਾ ਦਵਾਈ 'ਤੇ ਕਿਵੇਂ ਮਹਿਸੂਸ ਕਰਦੇ ਹੋ। ਜੇ ਤੁਸੀਂ ਸੀਜ਼ਰ 'ਤੇ ਹੁਣ ਨਾਲੋਂ ਬਿਹਤਰ ਕੰਟਰੋਲ ਕਰਨਾ ਚਾਹੁੰਦੇ ਹੋਵੋ, ਜਾਂ ਇਹ ਮਹਿਸੂਸ ਕਰਦੇ ਹੋਵੋ ਕਿ ਮੌਜੂਦਾ ਦਵਾਈ ਨਾਲ ਤੁਹਾਨੂੰ ਨਾ-ਪਸੰਦ ਸਾਈਡ ਇਫੈਕਟ ਹੋ ਰਹੇ ਹਨ ਤਾਂ ਹੋਰ ਚੋਣਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ। ਕਦੇ ਕਦੇ, ਕੋਈ ਸਭ ਤੋਂ ਵਧੀਆ ਹੱਲ ਨਹੀਂ ਹੁੰਦਾ ਅਤੇ ਤੁਹਾਨੂੰ ਕੁਝ ਸਾਈਡ ਇਫੈਕਟਾਂ ਅਤੇ ਸੀਜ਼ਰ 'ਤੇ ਪੂਰੇ ਕੰਟਰੋਲ ਵਿਚਕਾਰ ਚੋਣ ਕਰਨੀ ਪਵੇਗੀ, ਜਾਂ ਕੋਈ ਸਾਈਡ ਇਫੈਕਟ ਨਹੀਂ ਅਤੇ ਕੁਝ ਸੀਜ਼ਰਜ਼ ਦੀ ਚੋਣ ਕਰਨੀ ਪਵੇਗੀ। ਸਿਰਫ ਤੁਸੀਂ ਹੀ, ਆਪਣੇ ਡਾਕਟਰ ਦੀ ਸਲਾਹ ਨਾਲ ਇਹ ਫੈਸਲਾ ਕਰ ਸਕਦੇ ਹੋ ਕਿ ਤੁਹਾਡੇ ਲਈ ਸਭ ਤੋਂ ਬਿਹਤਰ ਚੋਣ ਕੀ ਹੈ।

ਕੁਝ ਨਵੀਂਆਂ ਦਵਾਈਆਂ ਘੱਟ ਤੋਂ ਘੱਟ ਸਾਈਡ ਇਫੈਕਟਾਂ ਨਾਲ ਸੀਜ਼ਰਜ਼ ਨੂੰ ਕੰਟਰੋਲ ਕਰਦੀਆਂ ਦਿਖਾਈ ਦਿੰਦੀਆਂ ਹਨ। ਜੇ ਤੁਸੀਂ ਆਪਣੀ ਮੌਜੂਦਾ ਹਾਲਤ ਤੋਂ ਖੁਸ਼ ਨਹੀਂ ਹੋ ਤਾਂ ਕੋਈ ਨਵੀਂ ਚੀਜ਼ ਅਜ਼ਮਾ ਕੇ ਦੇਖਣ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨਾ ਚੰਗਾ ਹੈ। ਪਰ, ਦਵਾਈ ਵਿਚ ਕੋਈ ਤਬਦੀਲੀ ਤੁਹਾਨੂੰ ਉਦੋਂ ਤੱਕ ਨਵੇਂ ਸੀਜ਼ਰਜ਼ ਦਾ ਖਤਰਾ ਵਧਾ ਸਕਦੀ ਹੈ ਅਤੇ ਰਹਿਣੀ-ਬਹਿਣੀ ਵਿਚ ਕੁਝ ਆਰਜ਼ੀ ਸੀਮਾਵਾਂ ਦੀ ਮੰਗ ਕਰ ਸਕਦੀ ਹੈ (ਉਦਾਹਰਣ ਲਈ ਕਾਰ ਨਾ ਚਲਾਉਣਾ) ਜਦ ਤੱਕ ਦਵਾਈ ਦੇ ਅਸਰ ਸਾਫ ਨਹੀਂ ਹੋ ਜਾਂਦੇ। ਇਕ ਵਾਰ ਫਿਰ, ਤੁਹਾਨੂੰ ਫਾਇਦਿਆਂ ਦੀ ਸੰਭਵ ਖਤਰੇ ਅਤੇ ਤਕਲੀਫ ਨਾਲ ਤੁਲਨਾ ਕਰਨੀ ਦੀ ਲੋੜ ਪਵੇਗੀ।

### ਮੈਂ ਤਿੰਨ ਵੱਖ ਵੱਖ ਦਵਾਈਆਂ ਅਜ਼ਮਾ ਕੇ ਦੇਖੀਆਂ ਅਤੇ ਫਿਰ ਮੈਨੂੰ ਇਕ ਲੱਭੀ ਜਿਸ ਨੇ ਮੇਰੇ ਸੀਜ਼ਰ ਕੰਟਰੋਲ ਕੀਤੇ। ਮੇਰੇ ਡਾਕਟਰ ਨੇ ਸਭ ਤੋਂ ਪਹਿਲਾਂ ਉਹ ਦਵਾਈ ਅਜ਼ਮਾ ਕੇ ਕਿਉਂ ਨਾ ਦੇਖੀ?

ਇਹ ਜਾਣਨ ਦਾ ਕੋਈ ਜਾਦੂਮਈ ਤਰੀਕਾ ਨਹੀਂ ਹੈ ਕਿ ਕਿਸੇ ਵਿਅਕਤੀ 'ਤੇ ਕਿਹੜੀ ਦਵਾਈ ਕੰਮ ਕਰੇਗੀ। ਭਾਵੇਂ ਕਿ ਇਕ ਦਵਾਈ ਤੋਂ ਦੂਜੀ ਦਵਾਈ 'ਤੇ ਜਾਣਾ ਪਰੇਸ਼ਾਨ ਕਰਨ ਵਾਲਾ ਮਹਿਸੂਸ ਹੁੰਦਾ ਹੈ, ਮਿਰਗੀ ਦੇ ਇਲਾਜ ਦੀ ਉਹ ਦਵਾਈ ਲੱਭਣ ਦੀ ਕੋਸ਼ਿਸ਼ ਕਰਦੇ ਰਹਿਣਾ ਇਕ ਚੰਗਾ ਡਾਕਟਰੀ ਫੈਸਲਾ ਹੈ ਜਿਹੜੀ ਘੱਟ ਤੋਂ ਘੱਟ ਸਾਈਡ ਇਫੈਕਟਾਂ ਨਾਲ ਸੀਜ਼ਰਜ਼ ਨੂੰ ਬਿਹਤਰ ਕੰਟਰੋਲ ਕਰਦੀ ਹੋਵੇ। ਇਹ ਪੱਕਾ ਕਰਨ ਲਈ ਆਪਣੀ ਨਰਸ ਅਤੇ ਡਾਕਟਰ ਨਾਲ ਸੰਪਰਕ ਰੱਖੋ ਕਿ ਉਹ ਦਵਾਈ ਪ੍ਰਤੀ ਤੁਹਾਡੇ ਹੁੰਗਾਰੇ ਨੂੰ ਸਮਝਦੇ ਹੋਣ।

### ਮੈਨੂੰ ਇਹ ਕਿਵੇਂ ਪਤਾ ਲੱਗਦਾ ਹੈ ਕਿ ਮੈਨੂੰ ਸਾਈਡ ਇਫੈਕਟ ਹੋ ਰਹੇ ਹਨ ਜਾਂ ਨਹੀਂ?

ਇਹ ਇਕ ਚੰਗਾ ਸਵਾਲ ਹੈ। ਸਾਰੀਆਂ ਦਵਾਈਆਂ ਦੇ ਸਾਈਡ ਇਫੈਕਟ ਹੋ ਸਕਦੇ ਹਨ। ਪਰ, ਬਹੁਤੇ ਲੋਕ ਆਪਣੀਆਂ ਦਵਾਈਆਂ ਨੂੰ ਚੰਗੀ ਤਰ੍ਹਾਂ ਝੱਲ ਲੈਂਦੇ ਹਨ। ਕੀ ਤੁਹਾਨੂੰ ਸਾਈਡ ਇਫੈਕਟ ਹੋ ਰਹੇ ਹਨ ਜਾਂ ਨਹੀਂ, ਇਹ ਦੱਸਣ ਦਾ ਸਭ ਤੋਂ ਵਧੀਆ ਤਰੀਕਾ ਉਦੋਂ ਮਹਿਸੂਸ ਹੋਣ ਵਾਲੀਆਂ ਨਿਸ਼ਾਨੀਆਂ ਵੱਲ ਧਿਆਨ ਦੇਣਾ ਹੈ ਜਦੋਂ ਤੁਸੀਂ ਪਹਿਲੀ ਵਾਰ ਦਵਾਈ ਲਈ ਸੀ ਜਾਂ ਜਦੋਂ ਦਵਾਈ ਦੀ ਡੋਜ਼ (ਖੁਰਾਕ) ਬਦਲੀ ਸੀ। ਸੀਜ਼ਰ ਦੀ ਦਵਾਈ ਦੇ ਕੁਝ ਸਾਈਡ ਇਫੈਕਟ ਉਹ ਨਿਸ਼ਾਨੀਆਂ ਹਨ ਜਿਹੜੀਆਂ ਤੁਸੀਂ ਮਹਿਸੂਸ ਕਰਦੇ ਹੋ ਅਤੇ ਇਹ ਤੁਹਾਡੀ ਦਵਾਈ ਦੀ ਡੋਜ਼ ਨਾਲ ਸੰਬੰਧਿਤ ਹਨ। ਜੇ ਤੁਸੀਂ ਉਸ ਨਾਲੋਂ ਜ਼ਿਆਦਾ ਦਵਾਈ ਲੈ ਰਹੇ ਹੋਵੋ ਜਿੰਨੀ ਤੁਸੀਂ ਝੱਲ ਸਕਦੇ ਹੋ ਤਾਂ ਤੁਸੀਂ ਨਸ਼ੇ ਵਿਚ ਜਾਂ ਚੱਕਰ ਆਉਂਦੇ ਮਹਿਸੂਸ ਕਰ ਸਕਦੇ ਹੋ ਜਾਂ ਪੇਟ ਵਿਚ ਗੜਬੜ ਹੋ ਸਕਦੀ ਹੈ। ਤੁਹਾਡਾ ਸੰਤੁਲਨ ਮਾੜਾ ਹੋ ਸਕਦਾ ਹੈ ਜਾਂ ਕਿਸੇ ਵੇਲੇ ਤੁਹਾਨੂੰ ਦੋ ਦੋ ਦਿਖਾਈ ਦੇ ਸਕਦੇ ਹਨ। ਜਿਸ ਡੋਜ਼ 'ਤੇ ਇਹ ਨਿਸ਼ਾਨੀਆਂ ਪੈਦਾ ਹੁੰਦੀਆਂ ਹਨ, ਉਹ ਵੱਖ ਵੱਖ ਹੋ ਸਕਦੀਆਂ ਹਨ ਅਤੇ ਕੁਝ ਲੋਕ ਦੂਜਿਆਂ ਨਾਲੋਂ ਕਿਤੇ ਜ਼ਿਆਦਾ ਡੋਜ਼ ਝੱਲ ਸਕਦੇ ਹਨ।

ਦਵਾਈ ਦੀ ਡੋਜ਼ ਕਾਰਨ ਪੈਦਾ ਹੋਏ ਸਾਈਡ ਇਫੈਕਟਾਂ ਤੋਂ ਇਲਾਵਾ, ਅਜਿਹੀਆਂ ਨਿਸ਼ਾਨੀਆਂ ਵੀ ਹੋ ਸਕਦੀਆਂ ਹਨ ਜਿਹੜੀਆਂ ਦਵਾਈ ਲੈਣ ਵਾਲੇ ਲੋਕਾਂ ਵਿੱਚੋਂ ਕੁਝ ਵਿਚ ਦਿਖਾਈ ਦੇ ਸਕਦੀਆਂ ਹਨ, ਪਰ ਸਾਰਿਆਂ ਵਿਚ ਨਹੀਂ। ਇਸ ਨੂੰ ਈਡਿਓਸਿਨਕਰੈਟਿਕ (ਨਿੱਜੀ) ਸਾਈਡ ਇਫੈਕਟ ਆਖਿਆ ਜਾਂਦਾ ਹੈ। ਸੀਜ਼ਰ ਦੀਆਂ ਕੁਝ ਦਵਾਈਆਂ 'ਤੇ ਕੁਝ ਲੋਕਾਂ ਨੂੰ ਭਾਰ ਵਿਚ ਵਾਧਾ ਦਿਖਾਈ ਦਿੰਦਾ ਹੈ ਜੋ ਕਿ ਖਾਧੀਆਂ ਗਈਆਂ ਕੈਲਰੀਆਂ ਨਾਲ ਸੰਬੰਧਿਤ ਨਹੀਂ ਹੁੰਦਾ। ਇਸ ਸਾਈਡ ਇਫੈਕਟ ਵਾਲੀ ਸਭ ਤੋਂ ਆਮ ਦਵਾਈ ਵਾਲਪਰੋਏਟ (ਇਪੀਵਾਲ) ਹੋ ਸਕਦੀ ਹੈ, ਪਰ ਕਾਰਬਾਮੈਜ਼ੇਪੀਨ (ਟੈਗਰੇਟੋਲ) ਅਤੇ ਗੈਬਾਪਿਨਟਿਨ (ਨਿਊਰੋਨਟਿਨ) ਵੀ ਹੋ ਸਕਦੀਆਂ ਹਨ। ਟੋਪੀਰਾਮੇਟ (ਟੋਪਾਮੈਕਸ) ਨਾਲ ਭਾਰ ਘਟ ਸਕਦਾ ਹੈ।

ਫੈਨੀਟੋਇਨ (ਡੀਲਾਨਟਿਨ) ਨਾਲ ਸੁੰਦਰਤਾ 'ਤੇ ਅਸਰ ਪਾਉਣ ਵਾਲੇ ਅਣਚਾਹੇ ਸਾਈਡ ਇਫੈਕਟ ਹੋ ਸਕਦੇ ਹਨ, ਜਿਵੇਂ ਮਸੂੜਿਆਂ ਦਾ ਵਧਣਾ, ਵਾਲਾਂ ਦਾ ਬਹੁਤ ਜ਼ਿਆਦਾ ਵਾਧਾ (ਸਮੇਤ ਚਿਹਰੇ ਦੇ ਵਾਲਾਂ ਦੇ) ਅਤੇ ਚਿਹਰੇ ਦਾ ਖਰ੍ਹਵਾ ਹੋਣਾ। ਇਕ ਵਾਰ ਫਿਰ, ਅਜਿਹਾ ਹਰ ਨਾਲ ਨਹੀਂ ਹੁੰਦਾ ਅਤੇ ਅਜਿਹਾ ਅਕਸਰ ਲੰਮੇ ਸਮੇਂ ਲਈ ਵਰਤੋਂ ਤੋਂ ਬਾਅਦ ਹੋਣ ਦੀ ਸੰਭਾਵਨਾ ਹੈ।

ਮੂਡ ਵਿਚ ਤਬਦੀਲੀਆਂ ਫੀਨਾਬਾਬੀਟੋਲ ਜਾਂ ਪ੍ਰਾਈਮੀਡੋਨ (ਮਾਈਸੋਲੀਨ) ਨਾਲ ਜ਼ਿਆਦਾ ਆਮ ਹਨ, ਪਰ ਸੀਜ਼ਰ ਲਈ ਕੋਈ ਵੀ ਦਵਾਈ ਕੁਝ ਲੋਕਾਂ ਨੂੰ ਉਦਾਸ ਜਾਂ ਚਿੜਚਿੜੇ ਮਹਿਸੂਸ ਕਰਵਾ ਸਕਦੀ ਹੈ। ਸਪਸ਼ਟ ਤੌਰ 'ਤੇ ਇਨ੍ਹਾਂ ਨਿਸ਼ਾਨੀਆਂ ਦਾ ਕਾਰਨ ਮਿਰਗੀ ਦੀ ਦਵਾਈ ਦੀ ਬਜਾਏ ਕੋਈ ਹੋਰ ਚੀਜ਼ ਵੀ ਹੋ ਸਕਦਾ ਹੈ, ਜਿਵੇਂ ਕਿ ਬੀਮਾਰੀ ਜਾਂ ਤਣਾਅ। ਬੁਨਿਆਦੀ ਕਾਰਨ ਦਾ ਪਤਾ ਲਾਉਣ ਵਿਚ ਮਦਦ ਲਈ ਆਪਣੇ ਡਾਕਟਰ ਨੂੰ ਵੱਧ ਤੋਂ ਵੱਧ ਜਾਣਕਾਰੀ ਦਿਉ।

ਕੁਝ ਖਤਰਨਾਕ ਸਾਈਡ ਇਫੈਕਟ ਵੀ ਹਨ (ਸਮੇਤ ਜਿਗਰ ਦੇ ਫੇਲ੍ਹ ਹੋਣ ਅਤੇ ਖੂਨ ਦੇ ਵਿਗਾੜਾਂ ਦੇ) ਜੋ ਕਿ ਮੁਢਲੇ ਤੌਰ 'ਤੇ ਸਿਰਫ ਖੂਨ ਦੇ ਟੈੱਸਟ ਵਿਚ ਹੀ ਦਿਖਾਈ ਦੇ ਸਕਦੇ ਹਨ। ਇਹ ਵੀ ਇਕ ਕਾਰਨ ਹੈ ਜਿਸ ਕਰਕੇ ਤੁਹਾਡਾ ਡਾਕਟਰ, ਤੁਹਾਡੇ ਵਲੋਂ ਕੋਈ ਨਵੀਂ ਦਵਾਈ ਸ਼ੁਰੂ ਕਰਨ ਵੇਲੇ ਅਕਸਰ ਲੈਬ ਟੈੱਸਟ ਦਾ ਆਰਡਰ ਕਰ ਸਕਦਾ ਹੈ। ਦਵਾਈ ਲੈਣਾ ਸ਼ੁਰੂ ਕਰਨ ਤੋਂ ਬਾਅਦ ਪਹਿਲੇ ਕੁਝ ਮਹੀਨਿਆਂ ਵਿਚ ਦਿਖਾਈ ਦੇਣ ਵਾਲੇ ਸਭ ਤੋਂ ਗੰਭੀਰ ਸਾਈਡ ਇਫੈਕਟ ਡੋਜ਼ ਨਾਲ ਸੰਬੰਧਿਤ ਨਹੀਂ ਹੁੰਦੇ ਅਤੇ ਇਨ੍ਹਾਂ ਦੀ ਬਾਅਦ ਵਿਚ ਹੋਣ ਦੀ ਸੰਭਾਵਨਾ ਨਹੀਂ ਹੁੰਦੀ।

**ਮੈਂ ਗਰਭ ਰੋਕੂ ਗੋਲੀਆਂ ਲੈਂਦੀ ਹਾਂ। ਕੀ ਉਹ ਮੇਰੀ ਸੀਜ਼ਰ ਦੀ ਦਵਾਈ ਵਿਚ ਦਖਲਅੰਦਾਜ਼ੀ ਕਰਦੀਆਂ ਹਨ?**

ਗਰਭ ਰੋਕੂ ਗੋਲੀਆਂ (ਬਰਥ ਕੰਟਰੋਲ ਪਿਲਜ਼) ਵਿਚਲੇ ਹਾਰਮੋਨਜ਼ ਅਤੇ ਸੀਜ਼ਰਜ਼ ਨੂੰ ਕੰਟਰੋਲ ਕਰਨ ਲਈ ਵਰਤੀਆਂ ਜਾਣ ਵਾਲੀਆਂ ਕੁਝ ਦਵਾਈਆਂ ਵਿਚਕਾਰ ਗੁੰਝਲਦਾਰ ਆਪਸੀ ਅਸਰ ਹੋ ਸਕਦੇ ਹਨ। ਇਨ੍ਹਾਂ ਵਿੱਚੋਂ ਕੁਝ ਦਵਾਈਆਂ ਸਰੀਰ ਵਿਚ ਗਰਭ ਰੋਕੂ ਹਾਰਮੋਨਜ਼ ਦੇ ਨਿਖੇੜ ਵਿਚ ਵਾਧਾ ਕਰਦੀਆਂ ਹਨ, ਜਿਸ ਨਾਲ ਇਹ ਗਰਭ ਰੋਕਣ ਵਿਚ ਘੱਟ ਅਸਰਦਾਰ ਬਣ ਜਾਂਦੀਆਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡੇ ਵਲੋਂ ਲਈ ਜਾ ਰਹੀ ਦਵਾਈ ਤੋਂ ਸਾਰੇ ਡਾਕਟਰ ਜਾਣੂ ਹੋਣ।

ਇਸ ਵਿਸ਼ੇ ਦੀ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲਈ, ਐਪੀਲੈਪਸੀ ਐਂਡ ਕੌਂਟਰਾਸੈਪਸ਼ਨ ਬਾਰੇ ਜਾਣਕਾਰੀ ਸ਼ੀਟ ਲੈਣ ਲਈ ਬੀ ਸੀ ਐਪੀਲੈਪਸੀ ਸੁਸਾਇਟੀ ਨਾਲ ਸੰਪਰਕ ਕਰੋ।

**ਮੈਂ ਗਰਭਵਤੀ ਹੋਣ ਬਾਰੇ ਸੋਚ ਰਹੀ ਹਾਂ। ਕੀ ਮੇਰੀਆਂ ਸੀਜ਼ਰ ਦੀਆਂ ਦਵਾਈਆਂ ਨਾਲ ਕੋਈ ਸਮੱਸਿਆ ਹੋਵੇਗੀ?**

ਗਰਭਵਤੀ ਹੋਣ ਤੋਂ ਪਹਿਲਾਂ ਇਨ੍ਹਾਂ ਗੁੰਝਲਦਾਰ ਮਸਲਿਆਂ ਬਾਰੇ ਸੋਚਣਾ ਚੰਗਾ ਹੈ। ਖਾਸ ਕਿਸਮਾਂ ਦੇ ਜਮਾਂਦਰੂ ਵਿਗਾੜਾਂ ਦੇ ਖਤਰੇ ਨੂੰ ਘੱਟ ਕਰਨ ਵਿਚ ਫੌਲਿਕ ਐਸਿਡ ਸਪਲੀਮੈਂਟ ਵਾਲੇ ਵਿਟਾਮਿਨ ਇਕ ਮਹੱਤਪੂਰਨ ਪੱਖ ਹਨ, ਅਤੇ ਤੁਹਾਨੂੰ ਗਰਭਵਤੀ ਹੋਣ ਤੋਂ ਪਹਿਲਾਂ ਫੌਲਿਕ ਐਸਿਡ ਲੈਣ ਦੀ ਲੋੜ ਹੁੰਦੀ ਹੈ। ਬੇਕਾਬੂ ਸੀਜ਼ਰਜ਼ ਦਾ ਤੁਹਾਡੇ ਅਤੇ ਤੁਹਾਡੇ ਅਣਜੰਮੇ ਬੱਚੇ ਦੋਨਾਂ ਨੂੰ ਖਤਰਾ ਹੋ ਸਕਦਾ ਹੈ, ਅਤੇ ਅੰਕੜਿਆਂ ਮੁਤਾਬਕ ਜ਼ਿਆਦਾ ਡੋਜ਼ਾਂ ਵਾਲੀਆਂ ਸੀਜ਼ਰ ਦੀਆਂ ਇਕੱਠੀਆਂ ਦਵਾਈਆਂ ਦਾ ਸਬੰਧ ਜਮਾਂਦਰੂ ਵਿਗਾੜਾਂ ਦੀਆਂ ਕੁਝ ਕਿਸਮਾਂ ਲਈ ਜ਼ਿਆਦਾ ਖਤਰੇ ਨਾਲ ਜੁੜਦਾ ਹੈ। ਜਦੋਂ ਵੀ ਸੰਭਵ ਹੋਵੇ, ਮਿਰਗੀ ਦੇ ਇਲਾਜ ਦੀ ਘੱਟ ਡੋਜ਼ ਵਾਲੀ ਇਕ ਦਵਾਈ ਵਰਤੀ ਜਾਣੀ ਚਾਹੀਦੀ ਹੈ ਜਿਹੜੀ ਸੀਜ਼ਰ 'ਤੇ ਚੰਗਾ ਕੰਟਰੋਲ ਕਰਦੀ ਹੋਵੇ।

ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਤੁਹਾਡੇ ਨੌਰਮਲ, ਤੰਦਰੁਸਤ ਬੱਚੇ ਦੇ ਮੌਕੇ ਬਹੁਤ ਵਧੀਆ ਹਨ – 90 ਪ੍ਰਤੀਸ਼ਤ ਨਾਲੋਂ ਜ਼ਿਆਦਾ। ਸੰਭਾਵੀ ਸਮੱਸਿਆਵਾਂ ਬਾਰੇ ਹੁਣ ਹੀ ਨਿਊਰੋਲੋਜਿਸਟ ਅਤੇ ਗਾਇਨਾਕੋਲੋਜਿਸਟ/ਓਬਸਟੇਟਰੀਸ਼ਨ ਨਾਲ ਗੱਲ ਕਰੋ ਤਾਂ ਜੋ ਆਪਣੀ ਜ਼ਿੰਦਗੀ ਦੇ ਇਸ ਮਹੱਤਵਪੂਰਨ ਹਿੱਸੇ ਬਾਰੇ ਤੁਸੀਂ ਵਾਜਬ ਫੈਸਲੇ ਕਰ ਸਕੋ।

ਇਸ ਵਿਸ਼ੇ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲਈ ਅਤੇ ਗਰਭ ਅਤੇ ਮਾਂ ਦੀ ਸਿਹਤ ਅਤੇ ਗਰਭ ਅਤੇ ਪੇਟ ਵਿਚਲੇ ਬੱਚੇ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਸ਼ੀਟ ਲੈਣ ਲਈ ਬੀ ਸੀ ਐਪੀਲੈਪਸੀ ਸੁਸਾਇਟੀ ਨਾਲ ਸੰਪਰਕ ਕਰੋ।

ਐਪੀਲੈਪਸੀ ਫਾਉਂਡੇਸ਼ਨ ਤੋਂ ਆਗਿਆ ਲੈ ਕੇ ਅਪਣਾਇਆ। 2009 ਵਿਚ ਵੰਡਣ ਲਈ ਮਨਜ਼ੂਰ ਕੀਤਾ (ਐੱਸ ਪੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**

**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**